Coroners Court of Victoria

# ਹੁਣ ਕੀ ਹੋਇਗਾ?

## ਕੋਰੋਨਰ ਦੀ ਕਾਰਵਾਈ ਦੇ ਪਹਿਲੇ ਕਦਮ

ਇਹ ਕਿਤਾਬਚਾ ਉਨ੍ਹਾਂ ਗੱਲਾਂ ਦੀ ਵਿਆਖਿਆ ਕਰਦਾ ਹੈ ਜੋ ਕਿ ਤੁਹਾਡੇ ਕਿਸੇ ਅਜ਼ੀਜ਼ ਦੀ ਮੌਤ ਬਾਰੇ ਕੋਰੋਨਰ ਨੂੰ ਸੂਚਿਤ ਕੀਤੇ ਜਾਣ ਤੋਂ ਤੁਰੰਤ ਬਾਅਦ ਤੁਹਾਨੂੰ ਜਾਣਨਾ ਚਾਹੀਦਾ ਹੈ, ਜਿਸ ਵਿੱਚ ਇਹ ਸ਼ਾਮਿਲ ਹੁੰਦਾ ਹੈ ਕਿ ਕੀ ਸਹਾਇਤਾ ਉਪਲਬਧ ਹੈ ਅਤੇ ਕੋਰੋਨਰ ਪ੍ਰਕਿਰਿਆ ਦੇ ਸ਼ੁਰੂਆਤੀ ਪੜਾਵਾਂ ਵਿੱਚ ਕੋਰੋਨਰ ਕੀ ਕਰੇਗਾ।

## ਔਖੇ ਸਮੇਂ ਵਿੱਚ ਮਦਦ

ਕੋਰੋਨਰ ਕੋਰਟ ਆਫ਼ ਵਿਕਟੋਰੀਆ (ਕੋਰਟ) ਅਤੇ ਕੋਰੋਨਲ ਐਡਮਿਸ਼ਨਜ਼ ਐਂਡ ਇਨਕੁਆਇਰੀਜ਼ (CA&E) ਦੇ ਕਰਮਚਾਰੀ ਤੁਹਾਡੀ ਮਦਦ ਕਰ ਸਕਦੇ ਹਨ ਅਤੇ  ਅਜਿਹੀਆਂ ਸੇਵਾਵਾਂ ਬਾਰੇ ਜਾਣਕਾਰੀ ਅਤੇ ਰੈਫਰਲ ਦੇ ਸਕਦੇ ਹਨ ਜੋ ਦੁੱਖ ਅਤੇ ਹੋਏ ਨੁਕਸਾਨ ਨਾਲ ਨਜਿੱਠਣ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ। ਇਸ ਕਿਤਾਬਚੇ ਦੇ ਪਿਛਲੇ ਪੰਨੇ 'ਤੇ ਕਈ ਤਰੀਕੇ ਦੀਆਂ ਮਦਦਗਾਰ ਸਹਾਇਤਾ ਸੇਵਾਵਾਂ ਦੀ ਇੱਕ ਸੰਪਰਕਾਂ ਸੂਚੀ ਹੈ ਜੋ ਇਸ ਮੁਸ਼ਕਲ ਸਮੇਂ ਦੌਰਾਨ ਲਾਭਦਾਇਕ ਹੋ ਸਕਦੀਆਂ ਹਨ।

## ਕੋਰੋਨਰ ਦੀ ਭੂਮਿਕਾ

ਜੇ ਸੰਭਵ ਹੋਵੇ, ਤਾਂ ਕੋਰੋਨਰ ਨੂੰ ਹੇਠ ਲਿਖੀਆਂ ਬਾਰੇ ਪਤਾ ਲਗਾਉਣਾ ਚਾਹੀਦਾ ਹੈ:

1. ਮਰ ਚੁੱਕੇ ਵਿਅਕਤੀ ਦੀ ਪਛਾਣ
2. ਮੌਤ ਦਾ ਕਾਰਨ
3. ਕੁਝ ਮਾਮਲਿਆਂ ਵਿੱਚ, ਮੌਤ ਨਾਲ ਜੁੜੇ ਹਾਲਾਤ।

ਕੋਰੋਨਰ ਸਾਰੀਆਂ ਮੌਤਾਂ ਦੀ ਜਾਂਚ ਨਹੀਂ ਕਰਦੇ, ਸਿਰਫ ਉਹ ਮੌਤਾਂ ਦੀ ਜਾਂਚ ਕਰਦੇ ਹਨ ਜੋ "ਰਿਪੋਰਟਯੋਗ" ਹੁੰਦੀਆਂ ਹਨ।

ਰਿਪੋਰਟਯੋਗ ਮੌਤਾਂ ਵਿੱਚ ਸ਼ਾਮਲ ਹਨ:

- ਉਹ ਜੋ ਅਚਾਨਕ, ਗੈਰ-ਕੁਦਰਤੀ ਜਾਂ ਹਿੰਸਕ ਤਰੀਕੇ ਨਾਲ ਹੋਈਆਂ, ਜਾਂ ਦੁਰਘਟਨਾ ਜਾਂ ਸੱਟ ਲੱਗਣ ਦੇ ਕਾਰਨ ਹੋਈਆਂ
- ਉਹ ਜੋ ਡਾਕਟਰੀ ਪ੍ਰਕਿਰਿਆ ਦੌਰਾਨ ਜਾਂ ਉਸਤੋਂ ਬਾਅਦ ਅਚਾਨਕ ਵਾਪਰਦੀਆਂ ਹਨ
- ਉਹ ਜੋ ਉਸ ਵੇਲੇ ਵਾਪਰਦੀਆਂ ਹਨ ਜਦੋਂ ਮਰਨ ਵਾਲਾ ਵਿਅਕਤੀ ਹਿਰਾਸਤ 'ਚ ਜਾਂ ਕਿਸੇ ਦੀ ਦੇਖਭਾਲ ਹੇਠ ਸੀ
- ਜਦੋਂ ਕੋਈ ਡਾਕਟਰ ਮੌਤ ਦੇ ਸਰਟੀਫਿਕੇਟ 'ਤੇ ਦਸਤਖਤ ਕਰਨ ਦੇ ਯੋਗ ਨਹੀਂ ਹੁੰਦਾ
- ਜਦੋਂ ਵਿਅਕਤੀ ਦੀ ਪਛਾਣ ਨਾ ਕੀਤੀ ਜਾ ਸਕੀ ਹੋਵੇ।

## ਪਹਿਲੇ ਸੰਪਰਕ

# ਹੁਣ ਕੀ ਹੋਇਗਾ?

ਕੋਰੋਨਰ ਨੂੰ ਰਿਪੋਰਟ ਕੀਤੀਆਂ ਗਈਆਂ ਸਾਰੀਆਂ ਮੌਤਾਂ ਦੇ ਸਥਾਨ 'ਤੇ ਪੁਲਿਸ ਹਾਜ਼ਰ ਹੁੰਦੀ ਹੈ, ਕੁਝ ਮੌਤਾਂ ਨੂੰ ਛੱਡ ਕੇ ਜੋ ਹਸਪਤਾਲ ਵਿੱਚ ਹੁੰਦੀਆਂ ਹਨ। ਇਹ ਇਸ ਲਈ ਹੈ ਕਿਉਂਕਿ ਪੁਲਿਸ ਨੂੰ ਕੋਰੋਨਰ ਵਾਸਤੇ ਮੌਤ ਦੀ ਰਿਪੋਰਟ ਪੂਰੀ ਕਰਨੀ ਹੁੰਦੀ ਹੈ। ਘਟਨਾ ਸਥਾਨ 'ਤੇ ਪੁਲਿਸ ਦੀ ਮੌਜੂਦਗੀ ਦਾ ਜ਼ਰੂਰੀ ਇਹ ਮਤਲਬ ਨਹੀਂ ਹੈ ਕਿ ਉਹ ਇਹ ਮੰਨਦੇ ਹਨ ਕਿ ਉਸ ਮੌਤ ਦੇ ਪਿੱਛੇ ਕਿਸੇ ਵਿਅਕਤੀ ਦਾ ਹੱਥ ਸੀ। ਹੋ ਸਕਦਾ ਹੈ ਕਿ ਹੋਰ ਜਾਣਕਾਰੀ ਲੈਣ ਲਈ ਉਹ ਜਲਦੀ ਹੀ ਪਰਿਵਾਰ ਨਾਲ ਵੀ ਗੱਲ ਕਰਣਗੇ। ਇਹ ਕੋਰੋਨਰ ਨੂੰ ਰਿਪੋਰਟ ਕੀਤੀਆਂ ਗਈਆਂ ਸਾਰੀਆਂ ਮੌਤਾਂ ਨਾਲ ਸਬੰਧਿਤ, ਆਮ ਕੋਰੋਨਲ ਪ੍ਰਕਿਰਿਆ ਦਾ ਇੱਕ ਹਿੱਸਾ ਹੈ।

CA&E ਦੇ ਕਰਮਚਾਰੀ ਕੋਰੋਨਲ ਪ੍ਰਕਿਰਿਆ ਦੇ ਪਹਿਲੇ ਪੜਾਅਵਾਂ ਬਾਰੇ ਤੁਹਾਡੇ ਨਾਲ ਸੰਪਰਕ ਕਰਣਗੇ।

CA&E ਇੱਕ ਰਾਜ-ਵਿਆਪੀ, 24-ਘੰਟੇ ਦੀ ਸੇਵਾ ਹੈ ਜੋ ਵਿਕਟੋਰੀਅਨ ਇੰਸਟੀਚਿਊਟ ਆਫ਼ ਫੋਰੈਂਸਿਕ ਮੈਡੀਸਨ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ।

CA&E ਦੀ ਭੂਮਿਕਾ ਹੁੰਦੀ ਹੈ:

- ਮੌਤਾਂ ਦੀਆਂ ਰਿਪੋਰਟਾਂ ਪ੍ਰਾਪਤ ਕਰਨਾ
- ਕਿਸੇ ਵਿਅਕਤੀ ਦੇ ਸਰੀਰ ਨੂੰ CA&E ਦੀ ਦੇਖਭਾਲ ਵਿੱਚ ਲੈ ਲੈਣਾ
- ਮਰਨ ਵਾਲੇ ਵਿਅਕਤੀ ਦੀ ਪਛਾਣ ਕਰਨ ਵਿੱਚ ਇੱਕ ਤਾਲਮੇਲਕਰਤਾ ਵਜੋਂ ਕਾਰਵਾਈ ਕਰਨਾ
- ਕੋਰੋਨਰ ਵਾਸਤੇ ਮੌਤ ਦੀ ਡਾਕਟਰੀ ਜਾਂਚ ਦਾ ਤਾਲਮੇਲ ਕਰਨਾ
- ਅੰਤਿਮ-ਸੰਸਕਾਰ ਲਈ ਵਿਅਕਤੀ ਦੇ ਸਰੀਰ ਨੂੰ ਹਵਾਲੇ ਕਰ ਦੇਣਾ।

## ਸੰਭਾਲ ਵਿੱਚ ਲਿਆ ਜਾਣਾ

ਜ਼ਿਆਦਾਤਰ ਮਾਮਲਿਆਂ ਵਿੱਚ, ਜੇਕਰ ਤੁਹਾਡੇ ਅਜ਼ੀਜ਼ ਦੀ ਮੌਤ ਮੈਲਬੌਰਨ ਵਿੱਚ ਹੋਈ ਹੈ, ਤਾਂ ਉਨ੍ਹਾਂ ਨੂੰ ਕੋਰਨੀਅਲ ਸਰਵਿਸਿਜ਼ ਸੈਂਟਰ, 65 Kavanagh Street, Southbank ਵਿਖੇ CA&E ਦੇ ਸਪੁਰਦ ਕੀਤਾ ਜਾਵੇਗਾ। ਜੇਕਰ ਤੁਹਾਡੇ ਅਜ਼ੀਜ਼ ਦੀ ਮੌਤ ਖੇਤਰੀ ਵਿਕਟੋਰੀਆ ਵਿੱਚ ਹੋਈ ਹੈ, ਤਾਂ CA&E ਕਰਮਚਾਰੀ ਤੁਹਾਡੇ ਨਾਲ ਸੰਪਰਕ ਕਰਣਗੇ ਅਤੇ ਤੁਹਾਨੂੰ ਦੱਸਣਗੇ ਕਿ ਉਨ੍ਹਾਂ ਦੀ ਸੰਭਾਲ ਕਿੱਥੇ ਕੀਤੀ ਜਾ ਰਹੀ ਹੈ।

ਜੇ ਤੁਸੀਂ ਆਪਣੇ ਅਜ਼ੀਜ਼ ਨੂੰ ਦੇਖਣਾ ਜਾਂ ਉਸ ਨਾਲ ਸਮਾਂ ਬਿਤਾਉਣਾ ਚਾਹੁੰਦੇ ਹੋ ਤਾਂ CA&E ਕਰਮਚਾਰੀ ਤੁਹਾਡੀ ਮਦਦ ਕਰਣਗੇ ਅਤੇ ਤੁਹਾਡੇ ਨਾਲ ਇਸ ਬਾਰੇ ਗੱਲ ਕਰਣਗੇ ਕਿ ਪ੍ਰਮੁੱਖ ਨਜ਼ਦੀਕੀ ਸੰਬੰਧੀ (ਸੀਨੀਅਰ ਨੈਕਸਟ ਔਫ਼ ਕਿਨ) ਕੌਣ ਹੋਵੇਗਾ। ਕੋਰੋਨਲ ਜਾਂਚ ਬਾਰੇ ਕੋਈ ਵੀ ਸੰਪਰਕ-ਸੁਨੇਹੇ ਉਸ ਵਿਅਕਤੀ ਨਾਲ ਜਾਂ ਉਸ ਵੱਲੋਂ ਚੁਣੇ ਹੋਏ ਪ੍ਰਤੀਨਿਧੀ ਨਾਲ ਸਾਂਝੇ ਕੀਤੇ ਜਾਣਗੇ।

## ਪ੍ਰਮੁੱਖ ਨਜ਼ਦੀਕੀ ਸੰਬੰਧੀ

ਪ੍ਰਮੁੱਖ ਨਜ਼ਦੀਕੀ ਸਬੰਧੀ ਆਮ ਤੌਰ 'ਤੇ ਉਸ ਵਿਅਕਤੀ ਦਾ ਜੀਵਨ ਸਾਥੀ ਜਾਂ ਘਰੇਲੂ ਸਾਥੀ ਹੁੰਦਾ ਹੈ। ਜੇਕਰ ਵਿਅਕਤੀ ਦਾ ਕੋਈ ਸਾਥੀ ਨਹੀਂ ਹੈ, ਜਾਂ ਜੇਕਰ ਉਹ ਉਪਲਬਧ ਨਹੀਂ ਹਨ, ਤਾਂ ਨਜ਼ਦੀਕੀ ਰਿਸ਼ਤੇਦਾਰ (ਇਸ ਕ੍ਰਮ ਵਿੱਚ) ਮੰਨੇ ਜਾਣਗੇ:



**ਵਿਕਟੋਰੀਆ ਦੀ ਕੋਰੋਨਰ ਕੋਰਟ**
65 Kavanagh Street, Southbank VIC 3006
**ਫ਼ੋਨ:** 1300 309 519
**ਫ਼ੈਕਸ:** 1300 546 989
www.coronerscourt.vic.gov.au

• ਕੋਈ ਬਾਲਗ ਪੁੱਤਰ ਜਾਂ ਧੀ (18 ਸਾਲ ਅਤੇ ਵੱਧ)

• ਮਾਪੇ

• ਕੋਈ ਬਾਲਗ ਭਰਾ ਜਾਂ ਭੈਣ (18 ਸਾਲ ਅਤੇ ਵੱਧ)

• ਵਸੀਅਤ ਵਿੱਚ ਦਰਜ ਕੀਤਾ ਗਿਆ ਐਗਜ਼ੀਕਿਊਟਰ (ਵਸੀਅਤ 'ਟੇ ਕਾਰਵਾਈ ਕਰਣ ਵਾਲਾ ਵਿਅਕਤੀ)

• ਕੋਈ ਵਿਅਕਤੀ ਜੋ ਮੌਤ ਤੋਂ ਠੀਕ ਪਹਿਲਾਂ, ਮ੍ਰਿਤਕ ਵਿਅਕਤੀ ਦਾ ਨਿੱਜੀ ਪ੍ਰਤੀਨਿਧੀ ਸੀ

• ਕੋਈ ਅਜਿਹਾ ਵਿਅਕਤੀ ਜਿਸਦਾ ਮਰਨ ਵਾਲੇ ਵਿਅਕਤੀ ਦੇ ਨਾਲ, ਮਰਨ ਤੋਂ ਠੀਕ ਪਹਿਲਾਂ ਇੱਕ ਨਜ਼ਦੀਕੀ ਰਿਸ਼ਤਾ ਸੀ, ਜਿਸ ਕਰ ਕੇ ਕੋਰੋਨਰ ਫੈਸਲਾ ਲੈਂਦਾ ਹੈ ਕਿ ਉਹ ਵਿਅਕਤੀ ਹੀ, ਮਰਨ ਵਾਲੇ ਵਿਅਕਤੀ ਦਾ ਪ੍ਰਮੁੱਖ ਨਜ਼ਦੀਕੀ ਸਬੰਧੀ ਹੋਵੇਗਾ।

## ਸ਼ਨਾਖਤ

ਮਰਨ ਵਾਲੇ ਵਿਅਕਤੀ ਦੀ ਪਛਾਣ ਦੀ ਪੁਸ਼ਟੀ ਕਰਨਾ ਕੋਰੋਨਰ ਦੀ ਜ਼ਿੰਮੇਵਾਰੀ ਹੁੰਦੀ ਹੈ। ਇਸ ਵਿੱਚ ਵਿਜ਼ੂਅਲ (ਨਜ਼ਰ ਆਉਣ ਵਾਲੇ) ਜਾਂ ਮੈਡੀਕਲ ਅਤੇ ਵਿਗਿਆਨਕ ਪਛਾਣ ਦੇ ਤਰੀਕੇ ਸ਼ਾਮਲ ਹੋ ਸਕਦੇ ਹਨ।

ਜੇਕਰ ਵਿਜ਼ੂਅਲ ਪਛਾਣ ਦੀ ਲੋੜ ਪੈਂਦੀ ਹੈ, ਤਾਂ ਤੁਹਾਨੂੰ ਆਪਣੇ ਅਜ਼ੀਜ਼ ਦੀ ਸ਼ਨਾਖਤ ਕਰਨ ਲਈ ਕੋਰੋਨਲ ਸਰਵਿਸਿਜ਼ ਸੈਂਟਰ ਵਿੱਚ ਆਉਣ ਲਈ ਕਿਹਾ ਜਾ ਸਕਦਾ ਹੈ। ਕਿਸੇ ਅਜ਼ੀਜ਼ ਦੀ ਸ਼ਨਾਖਤ ਕਰਨ ਲਈ, ਤੁਹਾਨੂੰ ਉਸ ਵਿਅਕਤੀ ਦਾ ਕੋਈ ਪਰਿਵਾਰਕ ਮੈਂਬਰ ਜਾਂ ਕੋਈ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ ਜੋ ਮ੍ਰਿਤਕ ਵਿਅਕਤੀ ਨੂੰ ਉਸਦੀ ਮੌਤ ਦੇ ਸਮੇਂ ਚੰਗੀ ਤਰ੍ਹਾਂ ਜਾਣਦਾ ਹੋਵੇ। CA&E ਦੇ ਕਰਮਚਾਰੀ ਕੰਮ-ਕਾਜੀ ਸਮੇਂ ਦੌਰਾਨ ਤੁਹਾਡੇ ਵਾਸਤੇ ਦੇਖਣ ਦੀ ਮੁਲਾਕਾਤ ਤੈਅ ਕਰਣਗੇ।

ਪਛਾਣ ਦੇ ਡਾਕਟਰੀ ਜਾਂ ਵਿਗਿਆਨਕ ਤਰੀਕਿਆਂ ਵਿੱਚ ਦੰਦਾਂ ਦੇ ਰਿਕਾਰਡ, ਫਿੰਗਰਪ੍ਰਿੰਟਿੰਗ (ਉਂਗਲਾਂ ਦੇ ਨਿਸ਼ਾਨ) ਜਾਂ ਡੀ.ਐਨ.ਏ (DNA) ਦੀ ਤੁਲਨਾ ਦੀ ਵਰਤੋਂ ਕਰਨਾ ਸ਼ਾਮਲ ਹੈ। ਇਹ ਕੋਰੋਨਰ ਤੈਅ ਕਰੇਗਾ ਕਿ ਸ਼ਨਾਖਤ ਦਾ ਸਭ ਤੋਂ ਢੁੱਕਵਾਂ ਤਰੀਕਾ ਕੀ ਹੈ ਅਤੇ CA&E ਸਟਾਫ ਤੁਹਾਨੂੰ ਦੱਸਣਗੇ ਕਿ ਕਿਸ ਪ੍ਰਕਿਰਿਆ ਦੀ ਵਰਤੋਂ ਕੀਤੀ ਜਾਵੇਗੀ।

## ਮੈਡੀਕਲ ਜਾਂਚਾਂ

ਕਿਸੇ ਵਿਅਕਤੀ ਦੀ ਮੌਤ ਦੇ ਕਾਰਨ ਦਾ ਪਤਾ ਲਗਾਉਣ ਵਿੱਚ ਕੋਰੋਨਰ ਦੀ ਮਦਦ ਕਰਨ ਲਈ ਡਾਕਟਰੀ ਜਾਂਚਾਂ ਕੀਤੀਆਂ ਜਾਂਦੀਆਂ ਹਨ। ਭਾਵੇਂ ਇਹ ਸਪੱਸ਼ਟ ਹੀ ਕਿਉਂ ਨਾ ਜਾਪਦਾ ਹੋਵੇ, ਇਹ ਬਹੁਤ ਮਹੱਤਵਪੂਰਨ ਹੈ ਕਿ ਕੋਰੋਨਰ ਪਤਾ ਲਗਾ ਸਕੇ ਕਿ ਅਸਲ ਵਿੱਚ ਕੀ ਹੋਇਆ ਸੀ।

**ਮੁੱਢਲੀ ਜਾਂਚ**



**ਵਿਕਟੋਰੀਆ ਦੀ ਕੋਰੋਨਰ ਕੋਰਟ**
65 Kavanagh Street, Southbank VIC 3006
**ਫ਼ੋਨ:** 1300 309 519
**ਫ਼ੈਕਸ:** 1300 546 989
www.coronerscourt.vic.gov.au

ਇੱਕ ਵਾਰ ਜਦੋਂ ਤੁਹਾਡਾ ਅਜ਼ੀਜ਼ CA&E ਦੀ ਦੇਖਭਾਲ ਵਿੱਚ ਆ ਜਾਵੇ, ਤਾਂ ਇੱਕ ਫੋਰੈਂਸਿਕ ਪੈਥੋਲੋਜਿਸਟ ਉਨ੍ਹਾਂ ਦੀ ਜਾਂਚ ਕਰੇਗਾ। ਇਹ ਮੁੱਢਲੀ ਜਾਂਚ ਵਿੱਚ ਘੱਟ ਤੋਂ ਘੱਟ ਚੀਰ ਫਾੜ ਹੁੰਦੀ ਹੈ। CA&E ਦੇ ਕਰਮਚਾਰੀ ਫੋਰੈਂਸਿਕ ਪੈਥੋਲੋਜਿਸਟ ਨਾਲ ਨਜ਼ਦੀਕੀ ਨਾਲ ਕੰਮ ਕਰਦੇ ਹਨ ਅਤੇ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇ ਸਕਦੇ ਹਨ। CA&E ਦੇ ਕਰਮਚਾਰੀ ਤੁਹਾਡੇ ਅਜ਼ੀਜ਼ ਦੇ ਮੈਡੀਕਲ ਰਿਕਾਰਡ ਜਾਂ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਤੁਹਾਡੇ ਤੋਂ ਮਦਦ ਮੰਗ ਸਕਦੇ ਹਨ। ਉਨ੍ਹਾਂ ਨੂੰ ਮੌਤ ਨਾਲ ਸਬੰਧਿਤ ਹਾਲਾਤਾਂ ਬਾਰੇ ਵੀ ਤੁਹਾਡੇ ਨਾਲ ਗੱਲ ਕਰਨ ਦੀ ਲੋੜ ਪੈ ਸਕਦੀ ਹੈ। ਪੁਲਿਸ ਤੁਹਾਡੇ ਨਾਲ ਮੌਤ ਬਾਰੇ ਚਰਚਾ ਕਰਨ ਲਈ ਵੀ ਸੰਪਰਕ ਕਰ ਸਕਦੀ ਹੈ। ਇਹ ਕੋਰੋਨਰ ਨੂੰ ਮੌਤ ਨਾਲ ਸਬੰਧਿਤ ਵੱਧ ਤੋਂ ਵੱਧ ਤੱਥਾਂ ਨੂੰ ਇਕੱਠਾ ਕਰਨ ਵਿੱਚ ਮਦਦ ਕਰਦਾ ਹੈ।

**ਆਟੋਪਸੀ**

ਕੁਝ ਮਾਮਲਿਆਂ ਵਿੱਚ, ਫੋਰੈਂਸਿਕ ਪੈਥੋਲੋਜਿਸਟ ਨੂੰ ਆਟੋਪਸੀ (ਪੋਸਟਮਾਰਟਮ) ਕਰਨ ਦੀ ਲੋੜ ਹੋਵੇਗੀ। ਇਹ ਇੱਕ ਡਾਕਟਰੀ ਪ੍ਰਕਿਰਿਆ ਹੈ ਜਿਸਦਾ ਮਕਸਦ ਮੌਤ ਦੇ ਡਾਕਟਰੀ ਕਾਰਨ ਦਾ ਪਤਾ ਲਗਾਉਣਾ ਹੁੰਦਾ ਹੈ। ਜੇਕਰ ਕਿਸੇ ਕੋਰੋਨਰ ਦਾ ਮੰਨਣਾ ਹੈ ਕਿ ਆਟੋਪਸੀ ਦੀ ਲੋੜ ਹੈ, ਤਾਂ CA&E ਕਰਮਚਾਰੀ ਪ੍ਰਕਿਰਿਆ ਬਾਰੇ ਸਮਝਾਉਣ ਅਤੇ ਕਿਸੇ ਵੀ ਕਿਸਮ ਦੇ ਸਵਾਲਾਂ ਦਾ ਜਵਾਬ ਦੇਣ ਲਈ ਪਹਿਲਾਂ ਪ੍ਰਮੁੱਖ ਨਜ਼ਦੀਕੀ ਸਬੰਧੀ ਨਾਲ ਸੰਪਰਕ ਕਰਣਗੇ। ਜੇ ਤੁਸੀਂ ਆਟੋਪਸੀ ਕੀਤੇ ਜਾਣ 'ਤੇ ਇਤਰਾਜ਼ ਕਰਨਾ ਚਾਹੁੰਦੇ ਹੋ - ਉਦਾਹਰਨ ਵਜੋਂ, ਧਾਰਮਿਕ ਜਾਂ ਸੱਭਿਆਚਾਰਕ ਕਾਰਨਾਂ ਕਰਕੇ - ਤਾਂ ਕਿਰਪਾ ਕਰਕੇ CA&E ਸਟਾਫ ਨੂੰ ਦੱਸੋ ਤਾਂ ਜੋ ਉਹ ਕੋਰੋਨਰ ਨੂੰ ਦੱਸ ਸਕਣ। ਕੋਰੋਨਰ ਤੁਹਾਡੀਆਂ ਚਿੰਤਾਵਾਂ ਨੂੰ ਧਿਆਨ ਵਿੱਚ ਰੱਖਣਗੇ ਅਤੇ CA&E ਕਰਮਚਾਰੀ ਤੁਹਾਨੂੰ ਕੋਰੋਨਰ ਦਾ ਫੈਸਲਾ ਦੱਸਣ ਲਈ ਤੁਹਾਡੇ ਨਾਲ ਦੁਬਾਰਾ ਸੰਪਰਕ ਕਰਣਗੇ।

## ਨਿੱਜੀ ਚੀਜ਼ਾਂ

ਆਮ ਤੌਰ 'ਤੇ ਮੌਤ ਦੇ ਸਥਾਨ 'ਤੇ ਮਿਲੇ ਗਹਿਣੇ, ਕੱਪੜੇ ਅਤੇ ਹੋਰ ਕੀਮਤੀ ਸਮਾਨ ਜਿਵੇਂ ਕਿ ਨਿੱਜੀ ਚੀਜ਼ਾਂ ਨੂੰ ਪੁਲਿਸ ਆਪਣੇ ਕੋਲ ਰੱਖ ਲੈਂਦੀ ਹੈ ਅਤੇ ਫਿਰ ਉਹਨਾਂ ਨੂੰ ਅੰਤਿਮ ਸੰਸਕਾਰ ਦੇ ਨਿਰਦੇਸ਼ਕ ਨੂੰ ਦੇ ਦਿੰਦੀ ਹੈ। ਕਦੇ-ਕਦਾਈਂ, ਫੋਰੈਂਸਿਕ ਜਾਂਚ ਲਈ ਪੁਲਿਸ ਕੁਝ ਚੀਜ਼ਾਂ ਨੂੰ ਆਪਣੇ ਕੋਲ ਰੱਖ ਸਕਦੀ ਹੈ। ਨਹੀਂ ਤਾਂ, ਅੰਤਿਮ ਸੰਸਕਾਰ ਦੇ ਨਿਰਦੇਸ਼ਕ ਨੂੰ ਸਾਰੀਆਂ ਨਿੱਜੀ ਚੀਜ਼ਾਂ ਪਰਿਵਾਰ ਨੂੰ ਵਾਪਸ ਕਰਨ ਲਈ ਦੇ ਦਿੱਤੀਆਂ ਜਾਂਦੀਆਂ ਹਨ। ਜੇਕਰ ਨਿੱਜੀ ਸੰਪਤੀ ਵਾਲੀਆਂ ਚੀਜ਼ਾਂ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ CA&E ਕਰਮਚਾਰੀਆਂ ਨੂੰ ਦੱਸੋ।

## ਅੰਤਿਮ ਸੰਸਕਾਰ ਦੀ ਯੋਜਨਾ ਬਣਾਉਣਾ

ਤੁਸੀਂ ਕਿਸੇ ਵੀ ਸਮੇਂ ਅੰਤਿਮ-ਸੰਸਕਾਰ ਨਿਰਦੇਸ਼ਕ ਨਾਲ ਸੰਪਰਕ ਕਰ ਸਕਦੇ ਹੋ। ਅੰਤਿਮ-ਸੰਸਕਾਰ ਦਾ ਨਿਰਦੇਸ਼ਕ ਅੰਤਿਮ-ਸੰਸਕਾਰ ਦੀ ਯੋਜਨਾ ਬਣਾਉਣ ਵਿੱਚ ਤੁਹਾਡੀ ਮਦਦ ਕਰੇਗਾ ਅਤੇ ਤੁਹਾਡੇ ਅਤੇ CA&E ਕਰਮਚਾਰੀਆਂ ਨਾਲ ਤਾਲਮੇਲ ਬਣਾਈ ਰੱਖੇਗਾ। ਫਿਊਨਰਲ ਡਾਇਰੈਕਟਰ (ਅੰਤਿਮ-ਸੰਸਕਾਰ ਦਾ ਨਿਰਦੇਸ਼ਕ) ਲੋੜ ਪੈਣ 'ਤੇ ਤੁਹਾਡੇ ਅਜ਼ੀਜ਼ ਨੂੰ ਖੇਤਰੀ ਵਿਕਟੋਰੀਆ ਵਿੱਚ ਭੇਜਣ ਦਾ ਪ੍ਰਬੰਧ ਕਰ ਸਕਦਾ ਹੈ।

# ਮੌਤ ਦਾ ਸਰਟੀਫਿਕੇਟ ਪ੍ਰਾਪਤ ਕਰਨਾ

ਮੌਤ ਦੇ ਸਰਟੀਫਿਕੇਟ (ਪ੍ਰਮਾਣ-ਪੱਤਰ) ਜਨਮ, ਮੌਤ ਅਤੇ ਵਿਆਹ ਵਿਕਟੋਰੀਆ (BDM) ਦੀ ਰਜਿਸਟਰੀ ਦੁਆਰਾ ਜਾਰੀ ਕੀਤੇ ਜਾਂਦੇ ਹਨ। ਮੌਤ ਦੇ ਸਰਟੀਫਿਕੇਟਾਂ ਲਈ ਫੀਸ ਲੱਗਦੀ ਹੈ, ਜਿਸ ਨੂੰ ਅੰਤਿਮ-ਸੰਸਕਾਰ ਦੇ ਖਰਚੇ ਦੇ ਹਿੱਸੇ ਵਜੋਂ ਸ਼ਾਮਲ ਕੀਤਾ ਜਾ ਸਕਦਾ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਤੁਹਾਨੂੰ ਮੌਤ ਦੇ ਸਰਟੀਫਿਕੇਟ ਲਈ ਸਿੱਧੇ ਤੌਰ 'ਤੇ ਅਰਜ਼ੀ ਦੇਣ ਦੀ ਲੋੜ ਨਹੀਂ ਪਵੇਗੀ - ਅੰਤਮ ਸੰਸਕਾਰ ਦਾ ਡਾਇਰੈਕਟਰ (ਨਿਰਦੇਸ਼ਕ) ਆਮ ਤੌਰ 'ਤੇ ਤੁਹਾਡੇ ਲਈ ਇਹ ਕਰ ਦੇਵੇਗਾ। BDM ਉਸ ਵਿਅਕਤੀ ਨੂੰ ਮੌਤ ਦਾ ਸਰਟੀਫਿਕੇਟ ਜਾਰੀ ਕਰੇਗਾ ਜਿਸ ਨੂੰ ਅੰਤਿਮ ਸੰਸਕਾਰ ਡਾਇਰੈਕਟਰ ਨੇ ਸੂਚਨਾ ਦੇਣ ਵਾਲੇ ਵਜੋਂ ਸੂਚੀਬੱਧ ਕੀਤਾ ਹੈ। ਜੇਕਰ ਅੰਤਿਮ-ਸੰਸਕਾਰ ਦਾ ਪ੍ਰਬੰਧ ਕਰਨ ਵਾਲਾ ਵਿਅਕਤੀ ਤੁਸੀਂ ਨਹੀਂ ਸੀ, ਤਾਂ ਤੁਸੀਂ ਮੌਤ ਦੇ ਸਰਟੀਫਿਕੇਟ ਦੀ ਕਾਪੀ ਵਾਸਤੇ ਸਿੱਧੇ BDM ਨੂੰ ਅਰਜ਼ੀ ਦੇਣ ਦੇ ਯੋਗ ਹੋ ਸਕਦੇ ਹੋ। ਤੁਹਾਡੀਆਂ ਲੋੜਾਂ ਅਤੇ ਕੀ ਕੋਰੋਨਰ ਨੇ ਮੌਤ ਦਾ ਕਾਰਨ ਨਿਰਧਾਰਤ ਕਰ ਲਿਆ ਹੈ, ਇਨ੍ਹਾਂ ਦੇ ਆਧਾਰ 'ਤੇ BDM ਵੱਖ-ਵੱਖ ਕਿਸਮਾਂ ਦੇ ਸਰਟੀਫਿਕੇਟਾਂ ਦੀ ਪੇਸ਼ਕਸ਼ ਕਰਦਾ ਹੈ।

### ਮੌਤ ਦਾ ਸਰਟੀਫਿਕੇਟ - ਮੌਤ ਦੇ ਕਾਰਨ ਤੋਂ ਬਿਨਾਂ

ਇਸ ਕਾਨੂੰਨੀ ਸਰਟੀਫਿਕੇਟ ਵਿੱਚ ਤੁਹਾਡੇ ਅਜ਼ੀਜ਼ ਬਾਰੇ ਸੰਵੇਦਨਸ਼ੀਲ ਜਾਣਕਾਰੀ ਸ਼ਾਮਲ ਨਹੀਂ ਹੁੰਦੀ ਹੈ, ਜਿਵੇਂ ਕਿ ਮੌਤ ਦਾ ਕਾਰਨ, ਦਫ਼ਨਾਉਣ ਬਾਰੇ ਜਾਣਕਾਰੀ, ਜਾਂ ਰਜਿਸਟਰੇਸ਼ਨ ਮਿਤੀ। ਜੇਕਰ ਕੋਰੋਨਰ ਨੇ ਅਜੇ ਤੱਕ ਮੌਤ ਦਾ ਕਾਰਨ ਨਿਰਧਾਰਤ ਨਹੀਂ ਕੀਤਾ ਹੈ ਅਤੇ ਇਸਦੀ ਵਰਤੋਂ ਉਨ੍ਹਾਂ ਸੰਸਥਾਵਾਂ ਨਾਲ ਕੀਤੀ ਜਾ ਸਕਦੀ ਹੈ ਜੋ ਇਹ ਸ਼ਰਤ ਨਹੀਂ ਰੱਖਦੀਆਂ ਕਿ ਤੁਹਾਨੂੰ ਆਪਣੇ ਅਜ਼ੀਜ਼ ਦੀ ਮੌਤ ਦਾ ਕਾਰਨ ਉਨ੍ਹਾਂ ਨੂੰ ਦੇਣਾ ਪਵੇਗਾ, ਤਾਂ ਇਹ ਸਰਟੀਫਿਕੇਟ ਜਾਰੀ ਕੀਤਾ ਜਾ ਸਕਦਾ ਹੈ। ਜਿਸ ਸੰਸਥਾ ਨਾਲ ਤੁਹਾਡੀ ਗੱਲਬਾਤ ਚੱਲ ਰਹੀ ਹੈ, ਉਸ ਸੰਸਥਾ ਤੋਂ ਇਹ ਪਤਾ ਲਗਾਉਣਾ ਹਮੇਸ਼ਾ ਸਭ ਤੋਂ ਵਧੀਆ ਵਿਚਾਰ ਹੁੰਦਾ ਹੈ, ਇਹ ਦੇਖਣ ਲਈ ਕਿ ਕੀ ਉਹ ਮੌਤ ਦੇ ਸਰਟੀਫਿਕੇਟ ਨੂੰ ਸਵੀਕਾਰ ਕਰਨਗੇ ਜਾਂ ਨਹੀਂ।

### ਮੌਤ ਦਾ ਸਰਟੀਫਿਕੇਟ - ਮੌਤ ਦੇ ਕਾਰਨ ਦੇ ਨਾਲ

ਇਸ ਕਾਨੂੰਨੀ ਪ੍ਰਮਾਣ-ਪੱਤਰ ਵਿੱਚ ਤੁਹਾਡੇ ਅਜ਼ੀਜ਼ ਬਾਰੇ ਸਾਰੇ ਵੇਰਵੇ ਸ਼ਾਮਲ ਹੁੰਦੇ ਹਨ, ਜਿਸ ਵਿੱਚ ਸੰਵੇਦਨਸ਼ੀਲ ਜਾਣਕਾਰੀ ਜਿਵੇਂ ਕਿ ਮੌਤ ਦਾ ਕਾਰਨ, ਦਫ਼ਨਾਉਣ ਦੀ ਜਾਣਕਾਰੀ, ਅਤੇ ਰਜਿਸਟਰੇਸ਼ਨ ਮਿਤੀ ਸ਼ਾਮਲ ਹੁੰਦੀ ਹੈ। ਇਹ ਸਰਟੀਫਿਕੇਟ ਕਿਸੇ ਵੀ ਸੰਸਥਾ ਨੂੰ ਪ੍ਰਦਾਨ ਕੀਤਾ ਜਾ ਸਕਦਾ ਹੈ ਜੋ ਤੁਹਾਨੂੰ ਇਹ ਸਾਬਤ ਕਰਨ ਲਈ ਕਹਿੰਦਾ ਹੈ ਕਿ ਤੁਹਾਡੇ ਅਜ਼ੀਜ਼ ਦੀ ਮੌਤ ਹੋ ਗਈ ਹੈ। **ਨੋਟ:** ਇਸ ਤੋਂ ਪਹਿਲਾਂ ਕਿ BDM ਇਸ ਸਰਟੀਫਿਕੇਟ ਨੂੰ ਜਾਰੀ ਕਰੇ, ਕੋਰੋਨਰ ਨੇ ਮੌਤ ਦਾ ਕਾਰਨ ਨਿਰਧਾਰਤ ਕਰ ਲਿਆ ਹੋਣਾ ਚਾਹੀਦਾ ਹੈ।

### ਅੰਤਰਿਮ ਮੌਤ ਸਰਟੀਫਿਕੇਟ

ਅੰਤਰਿਮ ਮੌਤ ਸਰਟੀਫਿਕੇਟ ਉਦੋਂ ਵਰਤੇ ਜਾਂਦੇ ਹਨ ਜੇਕਰ ਤੁਹਾਨੂੰ ਆਪਣੇ ਗੁਜ਼ਰ ਚੁੱਕੇ ਅਜ਼ੀਜ਼ ਨੂੰ ਉਸ ਦੇ ਆਪਣੇ ਦੇਸ਼ ਵਾਪਸ ਭੇਜਣ ਦੀ ਲੋੜ ਹੈ। ਜੇਕਰ ਕੋਰੋਨਰ ਨੇ ਅਜੇ ਤੱਕ ਮੌਤ ਦਾ ਕਾਰਨ ਸਥਾਪਤ ਨਹੀਂ ਕੀਤਾ ਹੈ, ਤਾਂ ਇਹ ਜਾਰੀ ਕੀਤਾ ਜਾ ਸਕਦਾ ਹੈ ।

# ਸਹਾਇਕ ਸੰਪਰਕ

ਜੇਕਰ ਤੁਹਾਡੇ ਕੋਲ ਕੋਰੋਨਲ ਜਾਂਚ ਦੇ ਸ਼ੁਰੂਆਤੀ ਪੜਾਅਵਾਂ ਬਾਰੇ ਕੋਈ ਵੀ ਸਵਾਲ ਹਨ, ਤਾਂ ਤੁਸੀਂ CA&E ਨੂੰ 1300 309 519 (24 ਘੰਟੇ) 'ਤੇ ਸੰਪਰਕ ਕਰ ਸਕਦੇ ਹੋ ਜਾਂ ਕੋਰਟ ਦੀ ਵੈੱਬਸਾਈਟ 'ਤੇ ਜਾ ਸਕਦੇ ਹੋ। www.coronerscourt.vic.gov.au.

# ਹੁਣ ਕੀ ਹੋਇਗਾ?

Coroners Court of Victoria

ਹੋਰ ਸਹਾਇਤਾ ਸੇਵਾਵਾਂ ਜੋ ਇਸ ਔਖੇ ਸਮੇਂ ਦੌਰਾਨ ਮਦਦ ਕਰ ਸਕਦੀਆਂ ਹਨ ਹੇਠਾਂ ਸੂਚੀਬੱਧ ਹਨ। ਇਹ ਫ਼ੋਨ ਨੰਬਰ ਕਾਰੋਬਾਰੀ ਸਮੇਂ ਦੌਰਾਨ ਉਪਲਬਧ ਹੁੰਦੇ ਹਨ, ਬਸ਼ਰਤੇ ਕਿ ਕੋਈ ਹੋਰ ਸੂਚਨਾ ਨਾਲ ਦਿੱਤੀ ਗਈ ਹੋਵੇ।

- Court Network (Court Process Support) 1800 681 614
- Donor Tissue Bank of Victoria (03) 9684 4444
- Federation of Community Legal Centres Victoria (03) 9652 1500
- Grief Australia (03) 9265 2100
- GriefLine 1300 845 745 (ਸਵੇਰ 8 ਵਜੇ ਤੋਂ ਸ਼ਾਮ 8ਵਜੇ: ਸੋਮ-ਸ਼ੁੱਕਰ)
- Hope Bereavement Care (Geelong ਖੇਤਰ) (03) 4215 3358
- Interpreter Service 13 14 50
- Lifeline 13 11 14 (24 ਘੰਟੇ)
- Mercy Grief Services (ਸਿਰਫ਼ ਪੱਛਮੀ ਮੈਟਰੋਪੋਲੀਟਨ ਖੇਤਰ ਵਾਸਤੇ) (03) 9313 5700
- National Relay Service TTY 13 36 77 (ਘੱਟ ਸੁਣਨ ਵਾਲਿਆਂ ਵਾਸਤੇ) 1300 555 727 (ਬੋਲਣਾ ਅਤੇ ਸੁਣਨਾ)
- Registry of Births, Deaths and Marriages Victoria 1300 369 367
- Road Trauma Support Services 1300 367 797
- Red Nose (ਪਹਿਲਾਂ ਜਿਸ ਦਾ ਨਾਮ SIDS and Kids ਸੀ) 1300 308 307 (24 ਘੰਟੇ)
- State Trustees (03) 9667 6444, 1300 138 672 (ਦੂਰ-ਦਰਾਜ਼ ਦੇ ਇਲਾਕਿਆਂ ਲਈ)
- SuicideLine Victoria 1300 651 251 (24 ਘੰਟੇ)
- Support After Suicide 1800 943 415
- StandBy - Support After Suicide 1300 727 247
- The Compassionate Friends Victoria (03) 9888 4944, 1300 064 068 (24 ਘੰਟੇ)
- Victims of Crime Helpline 1800 819 817
- Victoria Legal Aid 1300 792 387



**ਵਿਕਟੋਰੀਆ ਦੀ ਕੋਰੋਨਰ ਕੋਰਟ**
65 Kavanagh Street, Southbank VIC 3006
**ਫ਼ੋਨ:** 1300 309 519
**ਫ਼ੈਕਸ:** 1300 546 989
www.coronerscourt.vic.gov.au

- Victorian Aboriginal Legal Services 1800 064 865



**ਵਿਕਟੋਰੀਆ ਦੀ ਕੋਰੋਨਰ ਕੋਰਟ**
65 Kavanagh Street, Southbank VIC 3006

**ਫ਼ੋਨ:** 1300 309 519
**ਫ਼ੈਕਸ:** 1300 546 989

www.coronerscourt.vic.gov.au